ਮਿੱਠੇ ਬੱਚੇ:- "ਮਿੱਠੇ ਬੱਚੇ ਉਠਦੇ - ਬੈਠਦੇ ਬੁੱਧੀ ਵਿੱਚ ਗਿਆਨ ਉਛਲਦਾ ਰਹੇ ਤਾਂ ਅਪਾਰ ਖੁਸ਼ੀ ਵਿੱਚ ਰਹੋਗੇ"

ਪ੍ਰਸ਼ਨ:- ਤੁਸੀਂ ਬੱਚਿਆਂ ਨੂੰ ਕਿਸ ਦੇ ਸੰਗ ਤੋਂ ਬਹੁਤ - ਬਹੁਤ ਸੰਭਾਲ ਕਰਨੀ ਹੈ?

ਉੱਤਰ:- ਜਿਨ੍ਹਾਂ ਦੀ ਬੁੱਧੀ ਵਿੱਚ ਬਾਪ ਦੀ ਯਾਦ ਨਹੀਂ ਠਹਿਰਦੀ, ਬੁੱਧੀ ਇੱਧਰ - ਉੱਧਰ ਭਟਕਦੀ ਰਹਿੰਦੀ ਹੈ, ਉਨ੍ਹਾਂ ਦੇ ਸੰਗ ਤੋਂ ਸੰਭਾਲ ਕਰਨੀ ਹੈ। ਉਨ੍ਹਾਂ ਦੇ ਅੰਗ ਨਾਲ ਅੰਗ ਵੀ ਨਹੀਂ ਲੱਗਣਾ ਚਾਹੀਦਾ ਕਿਉਂਕਿ ਯਾਦ ਵਿੱਚ ਨਾ ਰਹਿਣ ਵਾਲੇ ਵਾਯੂਮੰਡਲ ਨੂੰ ਖ਼ਰਾਬ ਕਰਦੇ ਹਨ।

ਪ੍ਰਸ਼ਨ :- ਮਨੁੱਖਾਂ ਨੂੰ ਪੱਛਤਾਵਾ ਕਦੋਂ ਹੋਵੇਗਾ?

ਉੱਤਰ:- ਜਦੋਂ ਉਨ੍ਹਾਂ ਨੂੰ ਇਹ ਪਤਾ ਲੱਗੇਗਾ ਕਿ ਇਨ੍ਹਾਂ ਨੂੰ ਪੜ੍ਹਾਉਣ ਵਾਲਾ ਭਗਵਾਨ ਹੈ ਤਾਂ ਉਨ੍ਹਾਂ ਦਾ ਮੂੰਹ ਫੀਕਾ ਪੈ ਜਾਵੇਗਾ ਅਤੇ ਪੱਛਤਾਵਾ ਕਰਣਗੇ ਕਿ ਅਸੀਂ ਗਫ਼ਲਤ ਕੀਤੀ, ਪੜ੍ਹਾਈ ਨਹੀਂ ਪੜੀ।

ਓਮ ਸ਼ਾਂਤੀ। ਹੁਣ ਰੂਹਾਨੀ ਯਾਤਰਾ ਨੂੰ ਤਾਂ ਬੱਚੇ ਚੰਗੀ ਤਰ੍ਹਾਂ ਨਾਲ ਸਮਝਦੇ ਹਨ। ਕੋਈ ਵੀ ਹੱਠਯੋਗ ਦੀ ਯਾਤਰਾ ਹੁੰਦੀ ਨਹੀਂ। ਇਹ ਹੈ ਯਾਦ। ਯਾਦ ਦੇ ਲਈ ਕੋਈ ਵੀ ਤਕਲੀਫ਼ ਦੀ ਗੱਲ ਨਹੀਂ ਹੈ। ਬਾਪ ਨੂੰ ਯਾਦ ਕਰਨਾ ਹੈ - ਇਸ ਵਿੱਚ ਕੋਈ ਤਕਲੀਫ਼ ਨਹੀਂ ਹੈ। ਇਹ ਕਲਾਸ ਹੈ ਇਸਲਈ ਸਿਰਫ਼ ਕਾਇਦੇਸਿਰ ਬੈਠਣਾ ਹੁੰਦਾ ਹੈ। ਤੁਸੀਂ ਬਾਪ ਦੇ ਬੱਚੇ ਬਣੇ ਹੋ, ਬੱਚਿਆਂ ਦੀ ਪਾਲਣਾ ਹੋ ਰਹੀ ਹੈ। ਕਿਹੜੀ ਪਾਲਣਾ? ਅਵਿਨਾਸ਼ੀ ਗਿਆਨ ਰਤਨਾਂ ਦਾ ਖਜ਼ਾਨਾ ਮਿਲ ਰਿਹਾ ਹੈ। ਬਾਪ ਨੂੰ ਯਾਦ ਕਰਨ ਵਿੱਚ ਕੋਈ ਤਕਲੀਫ਼ ਨਹੀਂ ਹੈ। ਸਿਰਫ਼ ਮਾਇਆ ਬੁੱਧੀ ਦਾ ਯੋਗ ਤੋੜ ਦਿੰਦੀ ਹੈ। ਬਾਕੀ ਬੈਠੋ ਭਾਵੇਂ ਕਿਵੇਂ ਵੀ, ਉਸ ਵਿੱਚ ਕੋਈ ਯਾਦ ਦਾ ਤਾਲੁਕ ਨਹੀਂ। ਬਹੁਤ ਬੱਚੇ ਹੱਠਯੋਗ ਨਾਲ 3 - 4 ਘੰਟੇ ਬੈਠਦੇ ਹਨ। ਸਾਰੀ ਰਾਤ ਵੀ ਬੈਠ ਜਾਂਦੇ ਹਨ। ਅੱਗੇ ਤੁਹਾਡੀ ਤਾਂ ਸੀ ਭੱਠੀ, ਉਹ ਗੱਲ ਹੋਰ ਸੀ, ਉੱਥੇ ਤੁਹਾਨੂੰ ਧੰਧਾਧੋਰੀ ਤਾਂ ਸੀ ਨਹੀਂ ਇਸਲਈ ਇਹ ਸਿਖਾਇਆ ਜਾਂਦਾ ਸੀ। ਹੁਣ ਬਾਪ ਕਹਿੰਦੇ ਹਨ ਤੁਸੀਂ ਗ੍ਰਹਿਸਤ ਵਿਵਹਾਰ ਵਿੱਚ ਰਹੋ। ਧੰਧਾਧੋਰੀ ਵੀ ਭਾਵੇਂ ਕਰੋ। ਕੁਝ ਵੀ ਕੰਮ ਕਾਜ਼ ਕਰਦੇ ਬਾਪ ਨੂੰ ਯਾਦ ਕਰਨਾ ਹੈ। ਇਵੇਂ ਵੀ ਨਹੀਂ ਕਿ ਹੁਣ ਨਿਰੰਤਰ ਤੁਸੀਂ ਯਾਦ ਕਰ ਸਕਦੇ ਹੋ। ਨਹੀਂ। ਇਸ ਅਵਸਥਾ ਵਿੱਚ ਟਾਈਮ ਲੱਗਦਾ ਹੈ। ਹੁਣ ਨਿਰੰਤਰ ਯਾਦ ਠਹਿਰ ਜਾਵੇ ਫੇਰ ਤਾਂ ਕਰਮਾਤੀਤ ਅਵਸਥਾ ਹੋ ਜਾਵੇ। ਬਾਪ ਸਮਝਾਉਂਦੇ ਹਨ - ਬੱਚੇ, ਡਰਾਮਾ ਦੇ ਪਲੈਨ ਅਨੁਸਾਰ ਹੁਣ ਬਾਕੀ ਥੋੜ੍ਹਾ ਵਕ਼ਤ ਹੈ। ਸਾਰਾ ਹਿਸਾਬ ਵੀ ਬੁੱਧੀ ਵਿੱਚ ਰਹਿੰਦਾ ਹੈ। ਕਹਿੰਦੇ ਹਨ ਕ੍ਰਾਇਸਟ ਤੋਂ 3 ਹਜ਼ਾਰ ਵਰ੍ਹੇ ਪਹਿਲੇ ਭਾਰਤ ਹੀ ਸੀ। ਉਸਨੂੰ ਸ੍ਵਰਗ ਕਿਹਾ ਜਾਂਦਾ ਸੀ। ਹੁਣ ਉਨ੍ਹਾਂ ਦੇ 2 ਹਜ਼ਾਰ ਵਰ੍ਹੇ ਪੂਰੇ ਹੁੰਦੇ ਹਨ, 5000 ਵਰ੍ਹੇ ਦਾ ਹਿਸਾਬ ਹੋ ਜਾਂਦਾ ਹੈ।

ਵੇਖਿਆ ਜਾਂਦਾ ਹੈ ਤੁਹਾਡਾ ਨਾਮ ਸਾਰਾ ਵਿਲਾਇਤ ਤੋਂ ਹੀ ਨਿਕਲੇਗਾ ਕਿਉਂਕਿ ਉਨ੍ਹਾਂ ਦੀ ਬੁੱਧੀ ਫੇਰ ਵੀ ਭਾਰਤਵਾਸੀਆਂ ਤੋਂ ਤਿੱਖੀ ਹੈ। ਭਾਰਤ ਤੋਂ ਪੀਸ ਵੀ ਉਹ ਮੰਗਦੇ ਹਨ। ਭਾਰਤਵਾਸਿਆਂ ਨੇ ਹੀ ਲੱਖਾਂ ਵਰ੍ਹੇ ਕਹਿਕੇ ਅਤੇ ਸ੍ਵਵਿਆਪੀ ਦਾ ਗਿਆਨ ਦੇਕੇ ਬੁੱਧੀ ਵਿਗਾੜ ਦਿੱਤੀ ਹੈ। ਤਮੋਪ੍ਰਧਾਨ ਬਣ ਗਏ ਹਨ। ਉਹ ਇਨੇ ਤਮੋਪ੍ਰਧਾਨ ਨਹੀਂ ਬਣੇ ਹਨ, ਉਨ੍ਹਾਂ ਦੀ ਬੁੱਧੀ ਤਾਂ ਬੜੀ ਤਿੱਖੀ ਹੈ। ਉਨ੍ਹਾਂ ਦਾ ਜਦੋਂ ਆਵਾਜ਼ ਨਿਕਲੇਗਾ ਉਦੋਂ ਭਾਰਤਵਾਸੀ ਜਾਗਣਗੇ ਕਿਉਂਕਿ ਭਾਰਤਵਾਸੀ ਇੱਕਦਮ ਘੋਰ ਨੀਂਦ ਵਿੱਚ ਸੁੱਤੇ ਹੋਏ ਹਨ। ਉਹ ਥੋੜ੍ਹੇ ਸੁੱਤੇ ਹੋਏ ਹਨ। ਉਨ੍ਹਾਂ ਤੋਂ ਆਵਾਜ਼ ਚੰਗਾ ਨਿਕਲੇਗਾ, ਵਿਲਾਇਤ ਤੋਂ ਆਏ ਵੀ ਸੀ ਕਿ ਸਾਨੂੰ ਕੋਈ ਦੱਸੇ - ਪੀਸ ਕਿਵੇਂ ਹੋ ਸਕਦੀ ਹੈ? ਕਿਉਂਕਿ ਬਾਪ ਵੀ ਭਾਰਤ ਵਿੱਚ ਹੀ ਆਉਂਦੇ ਹਨ। ਇਹ ਗੱਲ ਤਾਂ ਤੁਸੀਂ ਬੱਚੇ ਹੀ ਦੱਸ ਸਕਦੇ ਹੋ - ਦੁਨੀਆਂ ਵਿੱਚ ਫੇਰ ਉਹ ਪੀਸ ਕਦੋਂ ਅਤੇ ਕਿਵੇਂ ਹੋਵੇਗੀ? ਤੁਸੀਂ ਬੱਚੇ ਤਾਂ ਜਾਣਦੇ ਹੋ ਬਰੋਬਰ ਪੈਰਾਡਾਇਜ਼ ਜਾਂ ਹੇਵਿਨ ਸੀ। ਨਵੀਂ ਦੁਨੀਆਂ ਵਿੱਚ ਭਾਰਤ ਪੈਰਾਡਾਇਜ਼ ਸੀ। ਇਹ ਹੋਰ ਕੋਈ ਵੀ ਨਹੀਂ ਜਾਣਦੇ ਹਨ। ਮਨੁੱਖਾਂ ਦੀ ਬੁੱਧੀ ਵਿੱਚ ਇਹ ਗੱਲ ਹੀ ਬੈਠ ਗਈ ਹੈ ਕਿ ਈਸ਼ਵਰ ਸ੍ਵਵਿਆਪੀ ਹੈ ਅਤੇ ਕਲਪ ਦੀ ਉਮਰ ਲੱਖਾਂ ਵਰ੍ਹੇ ਕਹਿ ਦਿੱਤੀ ਹੈ। ਸਭਤੋਂ ਜ਼ਿਆਦਾ ਪੱਥਰਬੁੱਧੀ ਇਹ ਭਾਰਤਵਾਸੀ ਹੀ ਬਣੇ ਹਨ। ਇਹ ਗੀਤਾ ਸ਼ਾਸਤ੍ਰ ਆਦਿ ਸਭ ਹੈ ਭਗਤੀ ਮਾਰ੍ਗ ਦੇ। ਫੇਰ ਵੀ ਇਹ। ਸਭ ਇਵੇਂ ਬਣਨਗੇ। ਭਾਵੇਂ ਡਰਾਮਾ ਨੂੰ ਜਾਣਦੇ ਹਨ ਫੇਰ ਵੀ ਬਾਪ ਤਾਂ ਪੁਰਸ਼ਾਰਥ ਕਰਾਉਂਦੇ ਹਨ। ਤੁਸੀਂ ਬੱਚੇ ਜਾਣਦੇ ਹੋ ਵਿਨਾਸ਼ ਤਾਂ ਜ਼ਰੂਰ ਹੋਵੇਗਾ। ਬਾਪ ਆਏ ਹੀ ਹਨ ਨਵੀਂ ਦੁਨੀਆਂ ਦੀ ਸਥਾਪਨਾ ਕਰਨ। ਇਹ ਤਾਂ ਖੁਸ਼ੀ ਦੀ ਗੱਲ ਹੈ ਨਾ। ਜਦੋਂ ਕੋਈ ਵੱਡਾ ਇਮਤਿਹਾਨ ਪਾਸ ਕਰਦੇ ਹਨ ਤਾਂ ਅੰਦਰ ਵਿੱਚ ਖੁਸ਼ੀ ਹੁੰਦੀ ਹੈ ਨਾ। ਅਸੀਂ ਇਹ ਸਭ ਪਾਸ ਕਰ ਇਹ (ਦੇਵਤਾ) ਜਾਕੇ ਬਣਾਂਗੇ। ਸਾਰਾ ਪੜ੍ਹਾਈ ਤੇ ਮਦਾਰ ਹੈ।

ਤੁਸੀਂ ਬੱਚੇ ਜਾਣਦੇ ਹੋ ਬਰੋਬਰ ਬਾਪ ਸਾਨੂੰ ਪੜ੍ਹਾਕੇ ਇਹ ਬਣਾਉਂਦੇ ਹਨ। ਬਰੋਬਰ ਪੈਰਾਡਾਇਜ਼ ਹੇਵਿਨ ਸੀ। ਮਨੁੱਖ ਤਾਂ ਵਿਚਾਰੇ ਬਿਲਕੁਲ ਹੀ ਮੁੰਝੇ ਹੋਏ ਹਨ। ਬੇਹੱਦ ਦੇ ਬਾਪ ਕੋਲ ਜੋ ਗਿਆਨ ਹੈ ਉਹ ਤੁਸੀਂ ਬੱਚਿਆਂ ਨੂੰ ਦੇ ਰਹੇ ਹਨ। ਬਾਪ ਦੀ ਤੁਸੀਂ ਮਹਿਮਾ ਕਰਦੇ ਹੋ - ਬਾਬਾ ਨਾਲੇਜਫੁੱਲ ਹੈ ਫੇਰ ਬਲਿਸਫੁਲ ਵੀ ਹੈ, ਖਜ਼ਾਨਾ ਵੀ ਉਨ੍ਹਾਂ ਕੋਲ ਫੁੱਲ ਹੈ। ਤੁਹਾਨੂੰ ਇੰਨਾ ਸਾਹੂਕਾਰ ਕੌਣ ਬਣਾਉਂਦਾ ਹੈ? ਇੱਥੇ ਤੁਸੀਂ ਕਿਉਂ ਆਏ ਹੋ? ਵਰਸਾ ਪਾਉਣ। ਜੇਕਰ ਕਿਸੇ ਦੀ ਤੰਦੁਰੁਸਤੀ ਚੰਗੀ ਹੈ ਪਰ ਧਨ ਨਹੀਂ ਹੈ ਤਾਂ ਧਨ ਬਗੈਰ ਕੀ ਹੋਵੇਗਾ! ਬੈਕੁੰਠ ਵਿੱਚ ਤਾਂ ਤੁਹਾਡੇ ਕੋਲ ਧਨ ਰਹਿੰਦਾ ਹੈ। ਇੱਥੇ ਜੋ - ਜੋ ਸਾਹੂਕਾਰ ਹਨ, ਉਨ੍ਹਾਂ ਨੂੰ ਨਸ਼ਾ ਰਹਿੰਦਾ ਹੈ ਸਾਡੇ ਕੋਲ ਇਨ੍ਹਾਂ ਧਨ ਹੈ, ਇਹ -

ਇਹ ਕਾਰਖਾਨੇ ਆਦਿ ਹਨ ਸ਼ਰੀਰ ਛੱਡਿਆ ਖ਼ਤਮ। ਤੁਸੀਂ ਤਾਂ ਜਾਣਦੇ ਹੋ ਸਾਨੂੰ ਬਾਬਾ 21 ਜਨਮਾਂ ਦੇ ਲਈ ਇਨ੍ਹਾਂ ਖਜ਼ਾਨਾ ਦਿੰਦੇ ਹਨ। ਬਾਪ ਖੁਦ ਤਾਂ ਖਜ਼ਾਨੇ ਦੇ ਮਾਲਿਕ ਨਹੀਂ ਬਣਦੇ ਹਨ। ਤੁਸੀਂ ਬੱਚਿਆਂ ਨੂੰ ਮਾਲਿਕ ਬਣਾਉਂਦੇ ਹਨ। ਇਹ ਵੀ ਤੁਸੀਂ ਜਾਣਦੇ ਹੋ ਵਿਸ਼ਵ ਵਿੱਚ ਸ਼ਾਂਤੀ ਤਾਂ ਸਿਵਾਏ ਗੌਡ ਫ਼ਾਦਰ ਦੇ ਕੋਈ ਸਥਾਪਨ ਕਰ ਨਾ ਸਕੇ। ਸਭਤੋਂ ਫ਼ਸਟਕਲਾਸ ਚਿੱਤਰ ਹੈ - ਇਹ ਤ੍ਰਿਮੂਰਤੀ ਗੋਲੇ ਦਾ। ਇਸ ਚੱਕਰ ਵਿੱਚ ਹੀ ਸਾਰਾ ਗਿਆਨ ਭਰਿਆ ਹੋਇਆ ਹੈ। ਤੁਹਾਡੀ ਅਜਿਹੀ ਕੋਈ ਵੰਡਰਫੁੱਲ ਚੀਜ਼ ਹੋਵੇਗੀ ਉਦੋਂ ਉਹ ਸਮਝਣਗੇ ਇਸ ਵਿੱਚ ਜ਼ਰੂਰ ਕੋਈ ਇਵੇਂ ਦਾ ਰਾਜ਼ ਹੈ। ਬੱਚੇ ਕੋਈ - ਕੋਈ ਛੋਟੇ - ਛੋਟੇ ਖਿਡੌਣੇ ਬਣਾਉਂਦੇ ਹਨ, ਉਹ ਬਾਬਾ ਨੂੰ ਪਸੰਦ ਨਹੀਂ ਆਉਂਦੇ। ਬਾਬਾ ਤਾਂ ਕਹਿੰਦੇ ਵੱਡੇ ਚਿੱਤਰ ਲਗਾਓ ਜੋ ਦੂਰ ਤੋਂ ਕੋਈ ਪੜ੍ਹਕੇ ਸਮਝ ਸਕੇ। ਮਨੁੱਖ ਅਟੈਂਸ਼ਨ ਵੱਡੀ ਚੀਜ਼ ਤੇ ਦੇਣਗੇ। ਇਸ ਵਿੱਚ ਕਲੀਅਰ ਵਿਖਾਇਆ ਹੋਇਆ ਹੈ, ਉਸ ਪਾਸੇ ਹੈ ਕਲਯੁੱਗ, ਇਸ ਪਾਸੇ ਹੈ ਸਤਿਯੁਗ। ਵੱਡੇ - ਵੱਡੇ ਚਿੱਤਰ ਹੋਣਗੇ ਤਾਂ ਮਨੁੱਖਾਂ ਦਾ ਅਟੈਂਸ਼ਨ ਖਿੱਚੇਗਾ। ਟੂਰਿਸਟ ਵੀ ਵੇਖਣਗੇ, ਸਮਝਣਗੇ ਵੀ ਉਹ ਚੰਗੀ ਤਰ੍ਹਾਂ ਨਾਲ। ਇਹ ਵੀ ਜਾਣਦੇ ਹਨ ਕ੍ਰਾਇਸਟ ਤੋਂ 3 ਹਜ਼ਾਰ ਵਰ੍ਹੇ ਪਹਿਲੇ ਸ੍ਵਰਗ ਸੀ। ਬਾਹਰ ਤਾਂ ਇਵੇਂ ਨਹੀਂ ਜਾਣਦੇ। 5 ਹਜ਼ਾਰ ਵਰ੍ਹੇ ਦਾ ਹਿਸਾਬ ਤੁਸੀਂ ਕਲੀਅਰ ਸਮਝਾਉਂਦੇ ਹੋ ਤਾਂ ਇਹ ਇਨ੍ਹਾਂ ਵੱਡਾ ਬਨਾਉਣਾ ਚਾਹੀਦਾ ਜੋ ਦੂਰ ਤੋਂ ਵੇਖ ਸੱਕਣ ਅਤੇ ਅੱਖਰ ਵੀ ਪੜ੍ਹਨ, ਜਿਸ ਨਾਲ ਸਮਝਣ ਕਿ ਦੁਨੀਆਂ ਦੀ ਅੰਤ ਤਾਂ ਬਰੋਬਰ ਹੈ। ਬੰਬ ਤਾਂ ਤਿਆਰ ਹੁੰਦੇ ਰਹਿੰਦੇ ਹਨ। ਨੈਚੁਰਲ ਕਲੈਮਿਟੀਜ਼ ਵੀ ਹੋਵੇਗੀ। ਤੁਸੀਂ ਵਿਨਾਸ਼ ਦਾ ਨਾਮ ਸੁਣਦੇ ਹੋ ਤਾਂ ਅੰਦਰ ਵਿੱਚ ਖੁਸ਼ੀ ਬਹੁਤ ਹੋਣੀ ਚਾਹੀਦੀ। ਪਰ ਗਿਆਨ ਹੀ ਨਹੀਂ ਹੋਵੇਗਾ ਤਾਂ ਖੁਸ਼ੀ ਵੀ ਹੋ ਨਾ ਸਕੇ। ਬਾਪ ਕਹਿੰਦੇ ਹਨ ਦੇਹ ਸਹਿਤ ਸਭ ਛੱਡ ਆਪਣੇ ਨੂੰ ਆਤਮਾ ਸਮਝੋ, ਆਪਣੀ ਆਤਮਾ ਦਾ ਯੋਗ ਮੁਝ ਬਾਪ ਦੇ ਨਾਲ ਲਾਓ। ਇਹ ਹੈ ਮਿਹਨਤ ਦੀ ਗੱਲ। ਪਾਵਨ ਬਣਕੇ ਹੀ ਪਾਵਨ ਦੁਨੀਆਂ ਵਿੱਚ ਆਉਣਾ ਹੈ। ਤੁਸੀਂ ਸਮਝਦੇ ਹੋ ਅਸੀਂ ਹੀ ਬਾਦਸ਼ਾਹੀ ਲੈਂਦੇ ਹਾਂ, ਫੇਰ ਗਵਾਉਂਦੇ ਹਾਂ। ਇਹ ਤਾਂ ਬਹੁਤ ਸਹਿਜ ਹੈ। ਉਠਦੇ - ਬੈਠਦੇ, ਚਲਦੇ ਅੰਦਰ ਵਿੱਚ ਟੱਪਕਣਾ ਚਾਹੀਦਾ, ਜਿਵੇਂ ਬਾਬਾ ਦੇ ਕੋਲ ਗਿਆਨ ਹੈ ਨਾ। ਬਾਪ ਆਏ ਹੀ ਹਨ ਪੜ੍ਹਾਕੇ ਦੇਵਤਾ ਬਣਾਉਣ। ਤਾਂ ਇੰਨੀ ਅਥਾਹ ਖੁਸ਼ੀ ਬੱਚਿਆਂ ਨੂੰ ਰਹਿਣੀ ਚਾਹੀਦੀ ਨਾ। ਆਪਣੇ ਤੋਂ ਪੁੱਛੋਂ ਇੰਨੀ ਅਥਾਹ ਖੁਸ਼ੀ ਹੈ? ਬਾਪ ਨੂੰ ਇਨਾਂ ਯਾਦ ਕਰਦੇ ਹੋ? ਚੱਕਰ ਦੀ ਵੀ ਸਾਰੀ ਨਾਲੇਜ਼ ਬੁੱਧੀ ਵਿੱਚ ਹੈ, ਤਾਂ ਇੰਨੀ ਖੁਸ਼ੀ ਰਹਿਣੀ ਚਾਹੀਦੀ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਅਤੇ ਬਿਲਕੁਲ ਖੁਸ਼ੀ ਵਿੱਚ ਰਹੋ। ਤੁਹਾਨੂੰ ਪੜ੍ਹਾਉਣ ਵਾਲਾ ਵੇਖੋ ਕੌਣ ਹੈ! ਜਦੋਂ ਸਭਨੂੰ ਪਤਾ ਲੱਗਗਾ ਤਾਂ ਸਭਦਾ ਮੂੰਹ ਹੀ ਫਿੱਕਾ ਹੋ ਜਾਵੇਗਾ। ਪਰ ਹੁਣ ਉਨ੍ਹਾਂ ਦੇ ਸਮਝਣ ਵਿੱਚ ਥੋੜ੍ਹੀ ਦੇਰੀ ਹੈ। ਹੁਣ ਦੇਵਤਾ ਧਰਮ ਦੇ ਇੰਨ੍ਹੇ ਮੈਂਬਰਸ ਤਾਂ ਬਣੇ ਨਹੀਂ ਹਨ। ਸਾਰੀ ਰਾਜਾਈ ਸਥਾਪਨ ਹੋਈ ਨਹੀਂ ਹੈ। ਕਿੰਨੇ ਢੇਰ ਮਨੁੱਖਾਂ ਨੂੰ ਬਾਪ ਦਾ ਪੈਗਾਮ ਦੇਣਾ ਹੈ! ਬੇਹੱਦ ਦੇ ਬਾਪ ਫੇਰ ਤੋਂ ਸਾਨੂੰ ਸ੍ਵਰਗ ਦੀ ਬਾਦਸ਼ਾਹੀ ਦੇ ਰਹੇ ਹਨ। ਤੁਸੀਂ ਵੀ ਉਸ ਬਾਪ ਨੂੰ ਯਾਦ ਕਰੋ। ਬੇਹੱਦ ਦੇ ਬਾਪ ਤਾਂ ਜ਼ਰੂਰ ਬੇਹੱਦ ਦਾ ਸੁੱਖ ਦੇਣਗੇ ਨਾ। ਬੱਚਿਆਂ ਦੇ ਅੰਦਰ ਵਿੱਚ ਤਾਂ ਅਥਾਹ ਗਿਆਨ ਦੀ ਖੁਸ਼ੀ ਹੋਣੀ ਚਾਹੀਦੀ ਅਤੇ ਜਿਨਾਂ ਬਾਪ ਨੂੰ ਯਾਦ ਕਰਦੇ ਰਹਾਂਗੇ ਤਾਂ ਆਤਮਾ ਪਵਿੱਤਰ ਬਣਦੀ ਜਾਵੇਗੀ।

ਡਰਾਮਾ ਦੇ ਪਲੈਨ ਅਨੁਸਾਰ ਤੁਸੀਂ ਬੱਚੇ ਜਿੰਨੀ ਸਰਵਿਸ ਕਰ ਪ੍ਰਜਾ ਬਣਾਉਂਦੇ ਹੋ ਤਾਂ ਜਿਨ੍ਹਾਂ ਦਾ ਕਲਿਆਣ ਹੁੰਦਾ ਹੈ ਉਨ੍ਹਾਂ ਦੀ ਫੇਰ ਆਸ਼ੀਰਵਾਦ ਵੀ ਮਿਲ ਜਾਂਦੀ ਹੈ। ਗਰੀਬਾਂ ਦੀ ਸਰਵਿਸ ਕਰਦੇ ਹੋ। ਨਿਮੰਤਰਣ ਦਿੰਦੇ ਰਹੋ। ਟ੍ਰੇਨ ਵਿੱਚ ਵੀ ਤੁਸੀਂ ਬਹੁਤ ਸਰਵਿਸ ਕਰ ਸਕਦੇ ਹੋ। ਇੰਨੇ ਛੋਟੇ ਬੈਜ਼ ਵਿੱਚ ਹੀ ਕਿੰਨੀ ਨਾਲੇਜ਼ ਭਰੀ ਹੋਈ ਹੈ। ਸਾਰੀ ਪੜ੍ਹਾਈ ਦਾ ਤੰਤ ਇਸ ਵਿੱਚ ਹੈ। ਬੈਜਸ ਤਾਂ ਬਹੁਤ ਚੰਗੇ - ਚੰਗੇ ਢੇਰ ਬਣਾਉਣੇ ਚਾਹੀਦੇ ਜੋ ਕਿਸੇ ਨੂੰ ਸੌਗਾਤ ਵੀ ਦੇ ਸੱਕਣ। ਕੋਈ ਨੂੰ ਵੀ ਸਮਝਾਉਣਾ ਤਾਂ ਬਹੁਤ ਸਹਿਜ ਹੈ। ਸਿਰਫ਼ ਸ਼ਿਵਬਾਬਾ ਨੂੰ ਯਾਦ ਕਰੋ। ਸ਼ਿਵਬਾਬਾ ਤੋਂ ਹੀ ਵਰਸਾ ਮਿਲਦਾ ਹੈ ਤਾਂ ਬਾਪ ਅਤੇ ਬਾਪ ਦਾ ਵਰਸਾ ਸ੍ਵਰਗ ਦੀ ਬਾਦਸ਼ਾਹੀ, ਕ੍ਰਿਸ਼ਨਪੁਰੀ ਨੂੰ ਯਾਦ ਕਰੋ। ਮਨੁੱਖਾਂ ਦੀ ਮੱਤ ਤਾਂ ਕਿੰਨੀ ਮੁੰਝੀ ਹੋਈ ਹੈ। ਕੁਝ ਵੀ ਸਮਝਦੇ ਨਹੀਂ ਹਨ। ਵਿਕਾਰ ਦੇ ਲਈ ਕਿੰਨਾ ਤੰਗ ਕਰਦੇ ਹਨ। ਕਾਮ ਦੇ ਪਿਛਾੜੀ ਕਿੰਨਾ ਮਰਦੇ ਹਨ। ਕੋਈ ਗੱਲ ਹੀ ਸਮਝਦੇ ਨਹੀਂ। ਸਭਦੀ ਬੁੱਧੀ ਬਿਲਕੁਲ ਚੱਟ ਹੋ ਗਈ ਹੈ, ਬਾਪ ਨੂੰ ਜਾਣਦੇ ਹੀ ਨਹੀਂ। ਇਹ ਵੀ ਡਰਾਮਾ ਵਿੱਚ ਨੂੰਧ ਹੈ। ਸਭਦੀ ਮੈਂਟਲ ਖ਼ਤਮ ਹੋ ਗਈ ਹੈ (ਮਾਨਸਿਕ ਸ਼ਕਤੀ ਖ਼ਤਮ ਹੋ ਗਈ ਹੈ) ਬਾਪ ਕਹਿੰਦੇ ਹਨ - ਬੱਚਿਓ ਤੁਸੀਂ ਪਵਿੱਤਰ ਬਣੋ ਤਾਂ ਇਵੇਂ ਸ੍ਵਰਗ ਦੇ ਮਾਲਿਕ ਬਣ ਜਾਵੋਗੇ, ਪਰ ਸਮਝਦੇ ਹੀ ਨਹੀਂ। ਆਤਮਾ ਦੀ ਤਾਕ਼ਤ ਸਾਰੀ ਨਿਕਲ ਗਈ ਹੈ। ਕਿੰਨਾ ਸਮਝਾਉਂਦੇ ਹਨ ਫੇਰ ਵੀ ਪੁਰਸ਼ਾਰਥ ਕਰਨਾ ਅਤੇ ਕਰਾਉਣਾ ਹੈ। ਪੁਰਸ਼ਾਰਥ ਵਿੱਚ ਥੱਕਣਾ ਨਹੀਂ ਹੈ। ਹਾਰਟਫੇਲ ਵੀ ਨਹੀਂ ਹੋਣਾ ਹੈ। ਇੰਨੀ ਮਿਹਨਤ ਕੀਤੀ, ਭਾਸ਼ਣ ਨਾਲ ਇੱਕ ਵੀ ਨਹੀਂ ਨਿਕਲਿਆ। ਪਰ ਤੁਸੀਂ ਜੋ ਸੁਣਾਇਆ, ਉਸ ਨੂੰ ਜਿਸਨੇ ਵੀ ਸੁਣਿਆ ਉਸ ਤੇ ਛਾਪ ਤਾਂ ਲੱਗ ਗਈ। ਪਿਛਾੜੀ ਵਿੱਚ ਸਭ ਜਾਨਣਗੇ ਜ਼ਰੂਰ। ਤੁਸੀਂ ਬੀ.ਕੇ. ਦੀ ਅਥਾਹ ਮਹਿਮਾ ਨਿਕਲਣ ਵਾਲ਼ੀ ਹੈ। ਪਰ ਐਕਟਿਵਿਟੀ ਵੇਖਦੇ ਹਨ ਤਾਂ ਜਿਵੇਂ ਇੱਕਦਮ ਬੇਸਮਝੀ ਦੀ। ਕੋਈ ਰਿਗਾਰਡ ਹੀ ਨਹੀਂ, ਪੂਰੀ ਪਛਾਣ ਨਹੀਂ। ਬੁੱਧੀ ਬਾਹਰ ਭਟਕਦੀ ਰਹਿੰਦੀ ਹੈ। ਬਾਪ ਨੂੰ ਯਾਦ ਕਰਨ ਤਾਂ ਮਦਦ ਵੀ ਮਿਲੇ। ਬਾਪ ਨੂੰ ਯਾਦ ਕਰਦੇ ਨਹੀਂ ਤਾਂ ਗੋਇਆ ਉਹ ਪਤਿਤ ਹਨ। ਤੁਸੀਂ ਬਣਦੇ ਹੋ ਪਾਵਨ। ਜੋ ਬਾਪ ਨੂੰ ਯਾਦ ਨਹੀਂ ਕਰਦੇ ਹਨ ਤੇ ਉਨ੍ਹਾਂ ਦੀ ਬੁੱਧੀ ਜ਼ਰੂਰ ਕਿੱਥੇ ਨਾ ਕਿੱਥੇ ਭਟਕਦੀ ਰਹਿੰਦੀ ਹੈ। ਤੇ ਉਹਨਾਂ ਨਾਲ ਅੰਗ - ਅੰਗ ਨਾਲ ਨਹੀਂ ਮਿਲਣਾ ਚਾਹੀਦਾ ਕਿਉਂਕਿ ਯਾਦ ਵਿੱਚ ਨਾ ਰਹਿਣ ਦੇ ਕਾਰਨ ਉਹ ਵਾਯੂਮੰਡਲ ਨੂੰ ਖ਼ਰਾਬ ਕਰ ਦਿੰਦੇ ਹਨ। ਪਵਿੱਤਰ ਅਤੇ ਅਪਵਿੱਤਰ ਇਕੱਠੇ ਹੋ ਨਾ ਸੱਕਣ ਇਸਲਈ ਬਾਪ ਪੁਰਾਣੀ ਸ੍ਰਿਸ਼ਟੀ ਨੂੰ ਖ਼ਤਮ ਕਰ ਦਿੰਦੇ ਹਨ। ਦਿਨ - ਪ੍ਰਤਿਦਿਨ ਕਾਇਦੇ ਵੀ ਸਖ਼ਤ ਨਿਕਲਦੇ ਜਾਣਗੇ। ਬਾਪ ਨੂੰ ਯਾਦ ਨਹੀਂ ਕਰਦੇ ਹਨ ਤਾਂ ਫ਼ਾਇਦੇ ਦੇ ਬਦਲੇ ਹੋਰ ਹੀ ਨੁਕਸਾਨ ਕਰਦੇ ਹਨ। ਪਵਿੱਤਰਤਾ ਦਾ ਸਾਰਾ ਮਦਾਰ ਯਾਦ ਤੇ ਹੈ। ਇੱਕ ਜਗਾ ਬੈਠਣ ਦੀ ਗੱਲ ਨਹੀਂ ਹੈ। ਇੱਥੇ ਇਕੱਠੇ ਬੈਠਣ ਨਾਲੋਂ ਤਾਂ ਵੱਖ - ਵੱਖ ਪਹਾੜੀ ਤੇ ਜਾਕੇ ਬੈਠੋ ਉਹ ਚੰਗਾ ਹੈ। ਜੋ ਯਾਦ ਨਹੀਂ ਕਰਦੇ ਹਨ ਉਹ ਹਨ ਪਤਿਤ। ਉਨ੍ਹਾਂ ਦਾ ਤਾਂ ਸੰਗ ਵੀ ਨਹੀਂ ਕਰਨਾ ਚਾਹੀਦਾ। ਚਲਣ ਤੋਂ ਹੀ ਪਤਾ ਲੱਗਦਾ ਹੈ। ਯਾਦ ਬਿਗਰ ਪਾਵਨ ਤਾਂ ਬਣ ਨਾ ਸਕਣ। ਹਰ ਇੱਕ ਦੇ ਉਪਰ ਪਾਪਾਂ ਦਾ ਬੋਝਾ ਬਹੁਤ ਹੈ - ਜਨਮ - ਜਨਮਾਂਤ੍ਰ ਦਾ। ਉਹ ਬਗੈਰ ਯਾਦ ਦੀ

ਯਾਤਰਾ ਨਿਕਲਣ ਕਿਵੇਂ। ਉਹ ਗੋਇਆ ਪਤਿਤ ਹੀ ਹਨ।

ਬਾਪ ਕਹਿੰਦੇ ਹਨ ਮੈਂ ਤੁਸੀਂ ਬੱਚਿਆਂ ਲਈ ਸਾਰੀ ਪਤਿਤ ਦੁਨੀਆਂ ਨੂੰ ਖ਼ਤਮ ਕਰ ਦਿੰਦਾ ਹਾਂ। ਉਨ੍ਹਾਂ ਦਾ ਸੰਗ ਵੀ ਨਾ ਹੋਵੇ। ਪਰ ਇੰਨੀ ਵੀ ਬੁੱਧੀ ਨਹੀਂ ਕਿ ਕਿਸ ਦੇ ਨਾਲ ਸੰਗ ਕਰਨਾ ਚਾਹੀਦਾ। ਤੁਹਾਡਾ ਪਿਆਰ ਪਾਵਨ ਦਾ ਪਾਵਨ ਦੇ ਨਾਲ ਹੋਣਾ ਚਾਹੀਦਾ। ਇਹ ਵੀ ਬੁੱਧੀ ਚਾਹੀਦਾ ਨਾ। ਸਵੀਟ ਬਾਪ ਅਤੇ ਸਵੀਟ ਰਾਜਧਾਨੀ ਦੇ ਸਿਵਾਏ ਹੋਰ ਕੋਈ ਯਾਦ ਨਾ ਆਏ। ਇੰਨਾ ਸਭ ਤਿਆਗ ਕਰਨਾ ਕੋਈ ਮਾਸੀ ਦਾ ਘਰ ਨਹੀਂ ਹੈ। ਬਾਪ ਨੂੰ ਤਾਂ ਬੱਚਿਆਂ ਤੇ ਅਥਾਹ ਪਿਆਰ ਹੈ। ਬੱਚੇ ਪਾਵਨ ਬਣ ਜਾਓ ਤਾਂ ਤੁਸੀਂ ਪਾਵਨ ਦੁਨੀਆਂ ਦੇ ਮਾਲਿਕ ਬਣ ਜਾਵੋਗੇ। ਅਸੀਂ ਤੁਹਾਡੇ ਲਈ ਪਾਵਨ ਦੁਨੀਆਂ ਦੀ ਸਥਾਪਨਾ ਕਰ ਰਹੇ ਹਾਂ। ਇਸ ਪਤਿਤ ਦੁਨੀਆਂ ਨੂੰ ਬਿਲਕੁਲ ਖ਼ਤਮ ਕਰਾ ਦਿੰਦੇ ਹਨ। ਇੱਥੇ ਇਸ ਪਤਿਤ ਦੁਨੀਆਂ ਵਿੱਚ ਹਰ ਚੀਜ਼ ਤੁਹਾਨੂੰ ਦੁੱਖ ਦਿੰਦੀ ਹੈ। ਉਮਰ ਵੀ ਘੱਟ ਹੁੰਦੀ ਜਾਂਦੀ ਹੈ, ਇਸ ਨੂੰ ਕਿਹਾ ਜਾਂਦਾ ਹੈ ਵਰਥ ਨਾਟ ਏ ਪੈਨੀ। ਕੌੜੀ ਅਤੇ ਹੀਰੇ ਵਿੱਚ ਫ਼ਰਕ ਤਾਂ ਹੁੰਦਾ ਹੈ ਨਾ। ਤਾਂ ਤੁਸੀਂ ਬੱਚਿਆਂ ਨੂੰ ਕਿੰਨੀ ਖੁਸ਼ੀ ਹੋਣੀ ਚਾਹੀਦੀ। ਗਾਇਆ ਵੀ ਜਾਂਦਾ ਹੈ ਸੱਚ ਤਾਂ ਬਿਠੋ ਨੱਚ। ਤੁਸੀਂ ਸਤਿਯੁਗ ਵਿੱਚ ਖੁਸ਼ੀ ਵਿੱਚ ਡਾਂਸ ਕਰਦੇ ਹੋ। ਇੱਥੇ ਦੀ ਕੋਈ ਵੀ ਵਸਤੂ ਨਾਲ ਦਿਲ ਨਹੀਂ ਲਗਾਉਣੀ ਹੈ। ਇਨ੍ਹਾਂ ਨੂੰ ਤਾਂ ਵੇਖਦੇ ਹੋਏ ਵੇਖਣਾ ਨਹੀਂ ਹੈ, ਅੱਖਾਂ ਖੁਲੀਆਂ ਹੁੰਦੇ ਹੋਏ ਵੀ ਜਿਵੇਂ ਕਿ ਨੀਂਦ ਹੋਵੇ, ਪਰ ਉਹ ਹਿੰਮਤ, ਉਹ ਅਵਸਥਾ ਚਾਹੀਦੀ। ਇਹ ਤਾਂ ਨਿਸ਼ਚੈ ਹੈ ਕਿ ਇਹ ਪੁਰਾਣੀ ਦੁਨੀਆਂ ਹੋਵੇਗੀ ਹੀ ਨਹੀਂ। ਇੰਨਾ ਖੁਸ਼ੀ ਦਾ ਪਾਰਾ ਚੜ੍ਹਿਆ ਰਹਿਣਾ ਚਾਹੀਦਾ। ਚੁਟਕੀ ਕੱਟਣੀ ਚਾਹੀਦੀ - ਅਰੇ, ਅਸੀਂ ਸ਼ਿਵਬਾਬਾ ਨੂੰ ਯਾਦ ਕਰਾਂਗੇ ਤਾ ਵਿਸ਼ਵ ਦੀ ਬਾਦਸ਼ਾਹੀ ਮਿਲੇਗੀ। ਹੱਠਯੋਗ ਨਾਲ ਵੀ ਬੈਠਣਾ ਨਹੀਂ ਹੈ। ਖਾਂਦੇ - ਪੀਂਦੇ, ਕੰਮ ਕਰਦੇ ਬਾਪ ਨੂੰ ਯਾਦ ਕਰੋ। ਇਹ ਵੀ ਜਾਣਦੇ ਹੋ ਰਾਜਧਾਨੀ ਸਥਾਪਨ ਹੋ ਰਹੀ ਹੈ। ਬਾਪ ਥੋੜ੍ਹੀ ਕਹਿਣਗੇ ਦਾਸੀ ਬਣੋ। ਬਾਪ ਤਾਂ ਕਹਿਣਗੇ ਪੁਰਸ਼ਾਰਥ ਕਰੋ ਪਾਵਨ ਬਣਨ ਦਾ। ਬਾਪ ਪਾਵਨ ਬਣਨ ਦਾ ਪੁਰਸ਼ਾਰਥ ਕਰਾਉਂਦੇ ਹਨ ਤੁਸੀਂ ਫੇਰ ਪਤਿਤ ਬਣਦੇ ਹੋ, ਕਿੰਨੇ ਝੂਠ ਪਾਪ ਕਰਦੇ ਹੋ। ਹਮੇਸ਼ਾ ਸ਼ਿਵਬਾਬਾ ਨੂੰ ਯਾਦ ਕਰੋ ਤਾਂ ਪਾਪ ਸਭ ਸਵਾਹਾ ਹੋ ਜਾਣ। ਇਹ ਬਾਬਾ ਦਾ ਯੱਗ ਹੈ ਨਾ। ਬੜਾ ਭਾਰੀ ਯੱਗ ਹੈ। ਉਹ ਲੋਕੀਂ ਯੱਗ ਰੱਚਦੇ ਹਨ - ਲੱਖਾਂ ਰੁਪਏ ਖ਼ਰਚ ਕਰਦੇ ਹਨ। ਇੱਥੇ ਤਾਂ ਤੁਸੀਂ ਜਾਣਦੇ ਹੋ ਸਾਰੀ ਦੁਨੀਆਂ ਇਸ ਵਿੱਚ ਸਵਾਹਾ ਹੋ ਜਾਣੀ ਹੈ। ਬਾਹਰ ਤੋਂ ਆਵਾਜ਼ ਹੋਵੇਗੀ, ਭਾਰਤ ਵਿੱਚ ਵੀ ਫੈਲੇਗਾ। ਇੱਕ ਤਾਂ ਬਾਪ ਦੇ ਨਾਲ ਬੁੱਧੀ ਦਾ ਯੋਗ ਹੋਵੇ ਤਾਂ ਪਾਪ ਕੱਟਣ ਅਤੇ ਫੇਰ ਉੱਚ ਪੱਦ ਵੀ ਮਿਲੇ। ਬਾਪ ਦਾ ਤਾਂ ਫਰਜ਼ ਹੈ ਬੱਚਿਆਂ ਨੂੰ ਪੁਰਸ਼ਾਰਥ ਕਰਾਉਣਾ। ਲੌਕਿਕ ਬਾਪ ਤਾਂ ਬੱਚਿਆਂ ਦੀ ਸੇਵਾ ਕਰਦੇ ਹਨ, ਸੇਵਾ ਲੈਂਦੇ ਵੀ ਹਨ। ਇਹ ਬਾਪ ਤਾਂ ਕਹਿੰਦੇ ਹਨ ਮੈਂ ਤੁਸੀਂ ਬੱਚਿਆਂ ਨੂੰ 21 ਜਨਮਾਂ ਦਾ ਵਰਸਾ ਦਿੰਦਾ ਹਾਂ, ਤਾਂ ਇਵੇਂ ਬਾਪ ਨੂੰ ਯਾਦ ਜ਼ਰੂਰ ਕਰਨਾ ਹੈ, ਜਿਸ ਨਾਲ ਪਾਪ ਕੱਟ ਜਾਣ। ਬਾਕੀ ਪਾਣੀ ਨਾਲ ਥੋੜ੍ਹੀ ਪਾਪ ਕੱਟਦੇ ਹਨ। ਪਾਣੀ ਤਾਂ ਜਿੱਥੇ - ਕਿੱਥੇ ਹੈ। ਵਿਲਾਇਤ ਵਿੱਚ ਵੀ ਨਦੀਆਂ ਹਨ ਤਾਂ ਕੀ ਇੱਥੇ ਦੀ ਨਦੀਆਂ ਪਾਵਨ ਬਣਾਉਣ ਵਾਲੀਆਂ, ਵਿਲਾਇਤ ਦੀ ਨਦੀਆਂ ਪਤਿਤ ਬਣਾਉਣ ਵਾਲੀਆਂ ਹਨ ਕੀ? ਕੁਝ ਵੀ ਮਨੁੱਖਾਂ ਵਿੱਚ ਸਮਝ ਨਹੀਂ ਹੈ। ਬਾਪ ਨੂੰ ਤਾਂ ਤਰਸ ਆਉਂਦਾ ਹੈ ਨਾ। ਬਾਪ ਸਮਝਾਉਂਦੇ ਹਨ - ਬੱਚੇ, ਗ਼ਫਲਤ ਨਾ ਕਰੋ। ਬਾਪ ਇੰਨਾ ਗੁਲ - ਗੁਲ ਬਣਾਉਂਦੇ ਹਨ ਤਾਂ ਮਿਹਨਤ ਕਰਨੀ ਚਾਹੀਦੀ ਨਾ। ਆਪਣੇ ਤੇ ਰਹਿਮ ਕਰਨਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇੱਥੇ ਦੀ ਕੋਈ ਚੀਜ਼ ਵਿੱਚ ਦਿਲ ਨਹੀਂ ਲਾਉਣੀ ਹੈ। ਵੇਖਦੇ ਹੋਏ ਵੀ ਨਹੀਂ ਵੇਖਣਾ ਹੈ। ਅੱਖਾਂ ਖੁੱਲੀ ਹੁੰਦੇ ਵੀ ਜਿਵੇਂ ਨੀਂਦ ਦਾ ਨਸ਼ਾ ਰਹਿੰਦਾ, ਇਵੇਂ ਖੁਸ਼ੀ ਦਾ ਨਸ਼ਾ ਚੜ੍ਹਿਆ ਹੋਇਆ ਹੋਵੇ।

2. ਸਾਰਾ ਮਦਾਰ ਪਵਿੱਤਰਤਾ ਤੇ ਹੈ, ਇਸਲਈ ਸੰਭਾਲ ਕਰਨੀ ਹੈ ਕਿ ਪਤਿਤ ਦੇ ਅੰਗ ਨਾਲ ਅੰਗ ਨਾ ਲੱਗੇ। ਸਵੀਟ ਬਾਪ ਅਤੇ ਸਵੀਟ ਰਾਜਧਾਨੀ ਦੇ ਸਿਵਾਏ ਹੋਰ ਕੋਈ ਯਾਦ ਨਾ ਆਏ।

ਵਰਦਾਨ:- ਹੱਦ ਦੀਆਂ ਇੱਛਾਵਾਂ ਨੂੰ ਛੱਡ ਚੰਗਾ ਬਣਨ ਵਾਲੇ ਇੱਛਾ ਮਾਤਰਮ ਅਵਿਧਿਆ ਭਵ।

ਮਨ ਦੇ ਵਿੱਚ ਕੋਈ ਵੀ ਹੱਦ ਦੀ ਇੱਛਾ ਹੋਵੇਗੀ ਤਾਂ ਚੰਗਾ ਬਣਨ ਨਹੀਂ ਦਵੇਗੀ। ਜਿਵੇਂ ਧੁੱਪ ਵਿਚ ਚਲਦੇ ਹੋ ਤਾਂ ਪਰਛਾਈ ਅੱਗੇ ਜਾਂਦੀ ਹੈ, ਉਸ ਨੂੰ ਜੇਕਰ ਫੜਨ ਦੀ ਕੋਸ਼ਿਸ਼ ਕਰੋ ਤਾਂ ਫੜ ਨਹੀਂ ਸਕਦੇ, ਪਿੱਠ ਕਰਕੇ ਆ ਜਾਵੋ ਤਾਂ ਪਰਛਾਈ ਪਿੱਛੇ - ਪਿੱਛੇ ਆ ਜਾਵੇਗੀ। ਇਵੇਂ ਹੀ ਇੱਛਾ ਆਕਰਸ਼ਿਤ ਕਰ ਰੁਲਾਉਣ ਵਾਲੀ ਹੈ, ਉਸ ਨੂੰ ਛੱਡ ਦਵੋ ਤਾਂ ਉਹ ਪਿੱਛੇ - ਪਿੱਛੇ ਆਵੇਗੀ। ਮੰਗਣ ਵਾਲਾ ਕਦੇ ਵੀ ਸੰਪੰਨ ਨਹੀਂ ਬਣ ਸਕਦਾ। ਕਿਸੇ ਵੀ ਹੱਦ ਦੀਆਂ ਇੱਛਾਵਾਂ ਦੇ ਪਿੱਛੇ ਭੱਜਣਾ ਇਵੇਂ ਹੈ ਜਿਵੇਂ ਮ੍ਰਿਗ ਤ੍ਰਿਸ਼ਨਾ, ਇਸ ਤੋਂ ਸਦਾ ਬੱਚ ਕੇ ਰਹਿ ਤਾਂ ਇੱਛਾ ਮਾਤਰਮ ਅਵਿਧਿਆ ਬਣ ਜਾਵੋਗੇ।

ਸਲੋਗਨ:- ਆਪਣੇ ਸ੍ਰੇਸ਼ਠ ਕਰਮ ਜਾਂ ਸ੍ਰੇਸ਼ਠ ਚਲਣ ਦ੍ਵਾਰਾ ਦੁਆਵਾਂ ਜਮਾ ਕਰ ਲੋ ਤਾਂ ਪਹਾੜ ਵਰਗੀ ਗੱਲ ਵੀ ਰੂਈ ਤਰ੍ਹਾਂ ਮਹਿਸੂਸ ਹੋਵੇਗੀ।

******